ਇਹ ਦਫ਼ਤਰ ਫਗਵਾੜਾ ਰੋਡ, ਨਿਊ ਸਬਜ਼ੀ ਮੰਡੀ, ਮਕਾਨ ਨੰ. 19-20, ਹੁਸ਼ਿਆਰਪੁਰ ਦੇ ਅੰਦਰ ਸਥਿਤ ਹੈ ਅਤੇ ਇਸ ਦੇ ਮੁਖੀ ਵਾਤਾਵਰਣ ਇੰਜੀਨਿਅਰ ਹਨ। ਇਸ ਦਫ਼ਤਰ ਵਲੋਂ ਹੇਠ ਲਿਖੇ ਅਨੁਸਾਰ ਕੰਮ ਕੀਤੇ ਜਾਂਦੇ ਹਨ:-

1. ਇਸ ਦਫ਼ਤਰ ਵਲੋਂ ਮਿਉਂਸਪਲ ਕੌਂਸਲਾਂ/ਕਾਰਪੋਰੇਸ਼ਨਾਂ ਦੇ ਕੂੜਾ ਕਰਕਟ (ਸੋਲਿਡ ਵੇਸਟ) ਨੂੰ ਬਣੇ ਹੋਏ ਨਿਯਮਾਂ ਅਨੁਸਾਰ ਪ੍ਰਬੰਧ ਕਰਵਾ ਕੇ ਆਥੋਰਾਈਜ਼ੇਸ਼ਨ ਜਾਰੀ/ ਇਨਕਾਰੀ ਲਈ ਕੇਸ ਮੁੱਖ ਦਫ਼ਤਰ ਪਟਿਆਲਾ ਨੂੰ ਭੇਜੇ ਜਾਂਦੇ ਹਨ।

2. ਇਸ ਦਫ਼ਤਰ ਵਲੋਂ ਹਸਪਤਾਲ/ਕਲੀਨਿਕ/ਲੈਬਾਰਟਰੀਆਂ ਵਿਚੋਂ ਨਿਕਲਣ ਵਾਲੇ ਬਾਇਓ ਮੈਡੀਕਲ ਵੇਸਟ ਨੂੰ ਬਾਇਓ ਮੈਡੀਕਲ ਰੂਲ ਮੁਤਾਬਿਕ ਪ੍ਰਬੰਧ ਕਰਵਾ ਕੇ ਆਥੋਰਾਈਜ਼ੇਸ਼ਨ ਜਾਰੀ/ ਇਨਕਾਰੀ ਇਸ ਦਫ਼ਤਰ ਵਲੋਂ ਜਾਂ ਜ਼ੋਨਲ ਦਫ਼ਤਰ/ਮੁੱਖ ਦਫ਼ਤਰ ਪਟਿਆਲਾ (ਕੰਪੀਨੈਸ ਅਨੁਸਾਰ) ਕੇਸ ਭੇਜੇ ਜਾਂਦੇ ਹਨ।

3. ਨਵੇਂ ਉਦਯੋਗ ਸਥਾਪਿਤ ਕਰਨ ਲਈ ਪ੍ਰਦੂਸ਼ਣ ਰੋਕਥਾਮ ਸਬੰਧੀ ਯੰਤਰ ਆਦਿ ਲਗਵਾਉਣ ਲਈ ਸ਼ਰਤਾਂ ਸਹਿਤ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

4. ਸੰਬੰਧਤ ਇੰਡਸਟਰੀ ਵਲੋਂ ਪ੍ਰਦੂਸ਼ਣ ਰੋਕਥਾਮ ਸਬੰਧੀ ਲਗਾਏ ਯੰਤਰਾਂ/ਇਤਰਾਜਹੀਣਤਾ ਸਰਟੀਫਿਕੇਟ ਵਿਚ ਲਗਾਈਆਂ ਸ਼ਰਤਾਂ ਦੀ ਪੂਰਤੀ ਉਪਰੰਤ ਕਲੀਅਰੈਂਸ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

5. ਇੰਡਸਟਰੀ ਚੱਲਣ ਉਪਰੰਤ ਪ੍ਰਦੂਸ਼ਣ ਰੋਕਥਾਮ ਸਬੰਧੀ ਲਗਾਏ ਯੰਤਰਾਂ ਦੇ ਸੈਂਪਲ ਲੈਣ ਅਤੇ ਚੈਕ ਕਰਨ ਤੋਂ ਬਾਅਦ ਇੰਡਸਟਰੀ ਚਲਾਉਣ ਲਈ ਸਹਿਮਤੀ ਦਿੱਤੀ ਜਾਂਦੀ ਹੈ ਜਾਂ ਇਨਕਾਰੀ ਕੀਤੀ ਜਾਂਦੀ ਹੈ।

6. ਇੰਡਸਟਰੀਆਂ ਵਲੋਂ ਲਗਾਏ ਯੰਤਰਾਂ ਦੀ ਸਮੇਂ-ਸਮੇਂ ਤੇ ਚੈਕਿੰਗ ਕੀਤੀ ਜਾਂਦੀ ਹੈ।

7. ਜਨਤਕ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਦਫ਼ਤਰ ਦਾ ਮੁੱਖ ਉਦੇਸ਼ ਲੋਕਾਂ ਨੂੰ ਪ੍ਰਦੂਸ਼ਣ ਰਹਿਤ ਵਾਤਾਵਰਣ ਪ੍ਰਦਾਨ ਕਰਨਾ ਹੈ ਅਤੇ ਇਸ ਦੇ ਰਾਹ ਵਿਚ ਆਉਂਦੀਆਂ ਰੁਕਾਵਟਾਂ ਨੂੰ ਕਾਨੂੰਨ/ਨਿਯਮਾਂ ਅਨੁਸਾਰ ਦੂਰ ਕਰਨ ਲਈ ਉਪਰਾਲੇ ਕਰਨਾ ਹੈ।

8. ਇੰਡਸਟਰੀ ਵਿਚੋਂ ਨਿਕਲੇ ਖਤਰਨਾਕ ਰਹਿੰਦ ਖੂਹੰਦ ਨੂੰ ਠੀਕ ਤਰੀਕੇ ਨਾਲ ਸਟੋਰ ਕਰਨ ਤੋਂ ਬਾਅਦ ਆਥੋਰਾਈਜ਼ੇਸ਼ਨ ਜਾਰੀ/ ਇਨਕਾਰੀ ਲਈ ਕੇਸ ਮੁੱਖ ਦਫ਼ਤਰ ਪਟਿਆਲਾ ਨੂੰ ਭੇਜੇ ਜਾਂਦੇ ਹਨ।

9. ਰੀਸਾਇਕਲਡ ਲਿਫਾਫਿਆਂ ਦੀ ਚੈਕਿੰਗ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵਲੋਂ ਬਣਾਈ ਗਈ ਕਮੇਟੀ ਨਾਲ ਮਿਲ ਕੇ ਸਮੇਂ-ਸਮੇਂ ਸਿਰ ਕੀਤੀ ਜਾਂਦੀ ਹੈ ਅਤੇ ਜਿਸ ਦੀ ਰਿਪੋਰਟ ਸੰਬੰਧਤ ਉਪ ਮੰਡਲ ਮੈਜਿਸਟਰੇਟ ਰਾਹੀਂ ਅਗਲੇਰੀ ਕਾਰਵਾਈ ਲਈ ਡਿਪਟੀ ਕਮਿਸ਼ਨਰ ਸਾਹਿਬ ਨੂੰ ਭੇਜੀ ਜਾਂਦੀ ਹੈ।